# ਮਜ਼ਬੂਤ ਇਕੌਨਮੀ ਬ੍ਰਿਟਿਸ਼ ਕੋਲੰਬੀਆ ਦੀ ਮਦਦ ਕਰ ਰਹੀ ਹੈ

## ਬੈਲੇਂਸਡ ਬੱਜਟ 2015 ਦੀਆਂ ਵਿਸ਼ੇਸ਼ਤਾਵਾਂ

### *ਲਗਾਤਾਰ ਤੀਜੇ ਸਾਲ ਲਈ ਆਪਣੇ ਬੱਜਟ ਨੂੰ ਬੈਲੇਂਸ ਕਰਨਾ*

ਬੀ. ਸੀ. ਦੇ ਵਿੱਤੀ ਸਾਲ 2014–15 ਦੀ 879 ਮਿਲੀਅਨ ਡਾਲਰ ਦੇ ਸਰਪਲੱਸ ਨਾਲ ਖਤਮ ਹੋਣ ਦੀ ਪੇਸ਼ੀਨਗੋਈ ਕੀਤੀ ਗਈ ਹੈ, ਅਤੇ ਬੱਜਟ 2015 ਵਿੱਤੀ ਪਲੈਨ ਦੇ ਸਾਰੇ ਤਿੰਨ ਸਾਲਾਂ ਵਿਚ ਹੋਰ ਸਰਪਲੱਸਾਂ ਦੀ ਭਵਿੱਖਬਾਣੀ ਕਰਦਾ ਹੈ ਜੋ ਕਿ ਕੁੱਲ 1 ਬਿਲੀਅਨ ਨਾਲੋਂ ਜ਼ਿਆਦਾ ਹੋਵੇਗਾ। ਵਿੱਤੀ ਅਨੁਸਾਸ਼ਨ ਬੈਲੇਂਸਡ *ਬੱਜਟ 2015* ਦੇ ਕੇਂਦਰ ਵਿਚ ਹੈ। ਇਹ ਹੀ ਮੁੱਖ ਕਾਰਨ ਹੈ ਕਿ ਅਸੀਂ ਕਿਤਾਬਾਂ ਨੂੰ ਬੈਲੇਂਸ ਰੱਖਣ ਅਤੇ ਅਜੇ ਵੀ ਇਨ੍ਹਾਂ ਖੇਤਰਾਂ ਵਿਚ ਸਾਦਾ, ਜੁਗਤੀ ਇਨਵੈਸਟਮੈਂਟਾਂ ਕਰਨ ਦੇ ਯੋਗ ਹੋਏ ਹਾਂ:

- » ਸਿਹਤ ਸੰਭਾਲ ਅਤੇ ਪੜ੍ਹਾਈ ਵਰਗੀਆਂ ਸਰਕਾਰੀ ਸੇਵਾਵਾਂ ਨੂੰ ਕਾਇਮ ਰੱਖਣ ਲਈ;
- » ਮੁੱਖ ਆਰਥਿਕ ਖੇਤਰਾਂ ਵਿਚ ਵਾਧੇ ਨੂੰ ਮਜ਼ਬੂਤ ਕਰਨ ਅਤੇ ਉਤਸ਼ਾਹ ਦੇਣ ਲਈ; ਅਤੇ
- » ਪਰਿਵਾਰਾਂ ਅਤੇ ਲੋੜਵੰਦ ਲੋਕਾਂ ਲਈ ਮਦਦ ਨੂੰ ਮਜ਼ਬੂਤ ਕਰਨ ਲਈ।

#### ਕੈਨੇਡਾ ਭਰ ਵਿਚ ਘਾਟੇ 2014-15




#### ਬੈਲੇਂਸਡ ਬੱਜਟ ਨੂੰ ਕਾਇਮ ਰੱਖਣਾ




*ਗਲੋਬਲ ਅਤੇ ਘਰੇਲੂ ਆਰਥਿਕ ਗੈਰਯਕੀਨੀ ਦੇ ਬਾਵਜੂਦ, ਆਜ਼ਾਦ ਆਰਥਿਕ ਮਾਹਰਾਂ ਨੇ ਭਵਿੱਖਬਾਣੀ ਕੀਤੀ ਹੈ ਕਿ ਅਗਲੇ ਦੋ ਸਾਲਾਂ ਦੌਰਾਨ ਆਰਥਿਕ ਵਾਧੇ ਦੇ ਸੰਬੰਧ ਵਿਚ ਬੀ.ਸੀ. ਸਾਰੇ ਸੂਬਿਆਂ ਵਿਚ ਤਕਰੀਬਨ ਸਿਖਰ 'ਤੇ ਰਹੇਗਾ। ਜਿਨ੍ਹਾਂ ਕਾਰਨਾਂ ਕਰਕੇ ਸਾਡੇ ਵਲੋਂ ਚੰਗੇ ਰਹਿਣ ਦੀ ਉਮੀਦ ਕੀਤੀ ਜਾਂਦੀ ਹੈ ਉਨ੍ਹਾਂ ਵਿੱਚੋਂ ਇਕ ਬੀ.ਸੀ. ਦੀ ਇਕੌਨਮੀ ਦੀ ਵਿਭਿੰਨਤਾ ਹੈ। ਇਸ ਨਾਲ ਅਸੀਂ ਬੱਜਟ ਨੂੰ ਬੈਲੇਂਸ ਰੱਖਦੇ ਹੋਏ ਤਰਜੀਹੀ ਖੇਤਰਾਂ ਵਿਚ ਇਨਵੈਸਟਮੈਂਟਾਂ ਜਾਰੀ ਰੱਖ ਸਕਦੇ ਹਾਂ।*

*ਔਨਰੇਬਲ*
*ਮਾਈਕਲ ਡੀ ਜੌਂਗ, ਕਿਊ.ਸੀ.*
*ਵਿੱਤ ਮੰਤਰੀ*

BRITISH COLUMBIA

## ਬ੍ਰਿਟਿਸ਼ ਕੋਲੰਬੀਆ ਦੀ ਟ੍ਰਿਪਲ-ਏ ਕਰੈਡਿਟ ਰੇਟਿੰਗ

ਸਮਝਦਾਰੀ ਵਾਲਾ ਵਿੱਤੀ ਪ੍ਰਬੰਧ ਬ੍ਰਿਟਿਸ਼ ਕੋਲੰਬੀਆ ਦੀ ਟ੍ਰਿਪਲ-ਏ ਕਰੈਡਿਟ ਰੇਟਿੰਗ ਵਿਚ ਮਦਦ ਕਰਦਾ ਹੈ – ਅਜਿਹਾ ਕਰੈਡਿਟ ਦਰਜਾ ਜਿਹੜਾ ਟੈਕਸ ਦੇਣ ਵਾਲਿਆਂ ਦੇ ਡਾਲਰਾਂ ਨੂੰ ਸਿੱਧੀਆਂ ਸੇਵਾਵਾਂ ’ਤੇ ਖਰਚਣ ਦੀ ਆਗਿਆ ਦਿੰਦਾ ਹੈ ਨਾ ਕਿ ਕਰਜ਼ਾ ਲਾਹੁਣ ਦੇ ਖਰਚਿਆਂ ’ਤੇ।




# ਆਪਣੀ ਇਕੌਨਮੀ ਨੂੰ ਵਧਾਉਣਾ

ਸਰਕਾਰ ਇਹ ਭਵਿੱਖਬਾਣੀ ਕਰਦੀ ਹੈ ਕਿ ਬੀ.ਸੀ.ਦੀ ਇਕੌਨਮੀ 2015 ਵਿਚ 2.3%, 2016 ਵਿਚ 2.4% ਅਤੇ 2017 ਵਿਚ 2.3% ਵਧੇਗੀ।




# ਆਪਣੀ ਇਕੌਨਮੀ ਨੂੰ ਵੰਨ-ਸੁਵੰਨੀ ਬਣਾਉਣਾ

## ਮਾਈਨਿੰਗ

- » ਖਣਿਜ ਪਦਾਰਥਾਂ ਦੀ ਖੁਦਾਈ ਨੂੰ ਹੱਲਾਸ਼ੇਰੀ ਦੇਣ ਵਾਲੇ ਬੀ. ਸੀ. ਮਾਈਨਿੰਗ ਫਲੋ-ਥਰੂ ਸ਼ੇਅਰ ਟੈਕਸ ਕਰੈਡਿਟ ਨੂੰ ਇਕ ਸਾਲ ਲਈ ਵਧਾਉਣਾ
- » ਨਵੀਂਆਂ ਖਾਣਾਂ ਲਈ ਅਲਾਊਂਸ ਨੂੰ ਚਾਰ ਸਾਲਾਂ ਲਈ ਵਧਾਉਣਾ, ਜਿਸ ਦਾ ਮਤਲਬ ਹੈ ਕਿ ਇਹ ਨਵੀਂਆਂ ਖਾਣਾਂ ਅਤੇ 31 ਦਸੰਬਰ, 2019 ਤੱਕ ਉਤਪਾਦਨ ਸ਼ੁਰੂ ਕਰਨ ਵਾਲੇ ਵੱਡੇ ਵਾਧਿਆਂ ਲਈ ਉਪਲਬਧ ਹੋਵੇਗਾ।
- » ਪਰਮਿਟਾਂ ਅਤੇ ਨਿਯਮਾਂ ਦੀ ਨਿਗਰਾਨੀ ਲਈ ਜਾਰੀ ਰਹਿਣ ਵਾਲੇ ਸੁਧਾਰਾਂ ਦੀ ਹਿਮਾਇਤ ਕਰਨ ਲਈ ਮਨਿਸਟਰੀ ਔਫ ਐਨਰਜੀ ਐਂਡ ਮਾਈਨਜ਼ ਦੇ ਮੁਢਲੇ ਬੱਜਟ ਵਿਚ 6.3 ਮਿਲੀਅਨ ਦਾ ਸਲਾਨਾ ਵਾਧਾ – ਜਿਸ ਵਿਚ ਖਾਣਾਂ ਦੀਆਂ ਇੰਸਪੈਕਸ਼ਨਾਂ ਵਿਚ ਵਾਧਾ ਵੀ ਸ਼ਾਮਲ ਹੈ।

## ਖੇਤੀਬਾੜੀ

- » ਬੀ.ਸੀ. ਕੋਲ ਕੈਨੇਡਾ ਦੀ ਸਭ ਤੋਂ ਜ਼ਿਆਦਾ ਵੰਨ-ਸੁਵੰਨੀ ਖੇਤੀਬਾੜੀ ਦੀ ਇੰਡਸਟਰੀ ਹੈ, ਜੋ ਕਿ ਤਕਰੀਬਨ 60,000 ਜੌਬਾਂ ਪ੍ਰਦਾਨ ਕਰਦੀ ਹੈ ਅਤੇ ਬੀ.ਸੀ. ਦੀ ਇਕੌਨਮੀ ਲਈ ਤਕਰੀਬਨ 11.6 ਬਿਲੀਅਨ ਡਾਲਰ ਸਲਾਨਾ ਪੈਦਾ ਕਰਦੀ ਹੈ। ਆਪਣੀਆਂ ਬੀ. ਸੀ. ਦੀਆਂ ਵਸਤਾਂ ਦੀ ਵਿਕਰੀ ਵਧਾਉਣ ਵਿਚ ਫਾਰਮਰਾਂ ਅਤੇ ਫੂਡ ਪ੍ਰੋਸੈਸਰਾਂ ਦੀ ਮਦਦ ਕਰਨ ਲਈ ਸਰਕਾਰ ਸਥਾਨਕ ਖਰੀਦੋ (ਬਾਏ ਲੋਕਲ) ਪ੍ਰੋਗਰਾਮ ਲਈ ਹੋਰ 2 ਮਿਲੀਅਨ ਡਾਲਰ ਖਰਚਣ ਲਈ ਵਚਨਬੱਧ ਹੈ।

### ਬੀ.ਸੀ. ਦੀ ਤਕਰੀਬਨ 37% ਐਕਸਪੋਰਟ ਏਸ਼ੀਆ ਨੂੰ ਜਾਂਦੀ ਹੈ

*2014 ਵਿਚ ਪ੍ਰਤੀ ਸੂਬਾ ਇੰਟਰਨੈਸ਼ਨਲ ਗੁੱਡਜ਼ ਐਕਸਪੋਰਟਸ ਦਾ ਸਲਾਨਾ ਹਿੱਸਾ*




***ਸ੍ਰੋਤ: ਬੀ ਸੀ ਸਟੈਟਸ*** *(ਲਗਭਗ ਦੇ ਕਾਰਨ ਕੁੱਲ ਸ਼ਾਇਦ 100% ਨਾ ਬਣੇ)*

### ਦੁਨੀਆ ਤੱਕ ਪਹੁੰਚ ਕਰਨਾ

» ***ਇੰਟਰਨੈਸ਼ਨਲ ਮੈਰੀਟਾਈਮ ਸੈਂਟਰ:*** ਹੋਰ ਸ਼ਿਪਿੰਗ ਕੰਪਨੀਆਂ, ਅਤੇ ਉਨ੍ਹਾਂ ਦੇ ਮੁੱਖ ਦਫਤਰ ਵੈਨਕੂਵਰ ਨੂੰ ਲਿਆਉਣ ਲਈ ਤਿੰਨ ਸਾਲਾਂ ਦੇ ਸਮੇਂ ਦੌਰਾਨ 3 ਮਿਲੀਅਨ ਡਾਲਰ ਰੱਖੇ ਜਾਣਗੇ – ਜਿਸ ਨਾਲ ਲੰਮੇ ਸਮੇਂ ਦੀਆਂ, ਜ਼ਿਆਦਾ ਤਨਖਾਹ ਵਾਲੀਆਂ ਜੌਬਾਂ ਪੈਦਾ ਹੋਣ ਦੇ ਨਾਲ ਨਾਲ ਬੀ.ਸੀ. ਦਾ ਇਹ ਨਾਂ ਵੀ ਪੱਕਾ ਹੋਵੇਗਾ ਕਿ ਇਹ ਉੱਤਰੀ ਅਮਰੀਕਾ ਅਤੇ ਏਸ਼ੀਆ ਵਿਚਕਾਰ ਇਕ ਤਰਜੀਹੀ ਰਸਤਾ ਹੈ।

» ***ਰੈਨਮਿੰਬੀ ਹੱਬ:*** ਜਿਵੇਂ ਜਿਵੇਂ ਕੰਪਨੀਆਂ ਚੀਨ ਨਾਲ ਲੈਣ ਦੇਣ ਦੇ ਆਪਣੇ ਸਬੰਧ ਵਧਾਉਣਾ ਜਾਰੀ ਰੱਖ ਰਹੀਆਂ ਹਨ, ਸਰਕਾਰ ਕੈਨੇਡਾ ਦੀ ਨਵੀਂ ਰੈਨਮਿੰਬੀ ਹੱਬ – ਜੋ ਕਿ ਅਮਰੀਕਾ ਵਿਚ ਆਪਣੀ ਕਿਸਮ ਦਾ ਪਹਿਲਾ ਹੈ– ਦਾ ਫਾਇਦਾ ਲੈਣ ਵਿਚ ਬੀ ਸੀ ਦੇ ਕਾਰੋਬਾਰਾਂ ਦੀ ਮਦਦ ਕਰਨ ਲਈ ਕੁਝ ਫੰਡਾਂ ਦਾ ਯੋਗਦਾਨ ਪਾਵੇਗੀ। ਇਹ ਹੱਬ ਇਕ ਵਿੱਤੀ ਸੈਂਟਰ ਹੈ ਜੋ ਕਿ ਕਾਰੋਬਾਰੀ ਵਿਹਾਰਾਂ ਨੂੰ ਚੀਨੀ ਕਰੰਸੀ ਵਿਚ ਨਬੇੜਨ ਅਤੇ ਸੰਪੂਰਨ ਕਰਨ ਲਈ ਤਿਆਰ ਕੀਤਾ ਗਿਆ ਹੈ। ਕੈਨੇਡੀਅਨ ਚੈਂਬਰ ਔਫ ਕਮਰਸ ਦਾ ਅੰਦਾਜ਼ਾ ਹੈ ਕਿ ਰੈਨਮਿੰਬੀ ਵਿਚ ਸਿੱਧਾ ਵਪਾਰ ਕੈਨੇਡੀਅਨ ਫਰਮਾਂ ਨੂੰ ਕਾਰਵਿਹਾਰੀ ਖਰਚਿਆਂ ਵਿਚ 10 ਸਾਲਾਂ ਦੇ ਸਮੇਂ ਦੌਰਾਨ 6.2 ਬਿਲੀਅਨ ਡਾਲਰ ਤੱਕ ਬਚਾ ਸਕਦਾ ਹੈ ਅਤੇ ਐਕਸਪੋਰਟਸ 32 ਬਿਲੀਅਨ ਡਾਲਰ ਤੱਕ ਵਧਾ ਸਕਦਾ ਹੈ; ਬ੍ਰਿਟਿਸ਼ ਕੋਲੰਬੀਆਂ ਨੂੰ ਇਨ੍ਹਾਂ ਲਾਭਾਂ ਵਿੱਚੋਂ ਕਾਫੀ ਫਾਇਦਾ ਹੋਵੇਗਾ।

### ਐਰੋਸਪੇਸ ਵਿਚ ਇਨਵੈਸਟਮੈਂਟ

ਬੀ.ਸੀ. ਦੀ ਐਰੋਸਪੇਸ ਇੰਡਸਟਰੀ ਸਾਡੀ ਇਕੌਨਮੀ ਵਿਚ ਸਲਾਨਾ 2.5 ਬਿਲੀਅਨ ਡਾਲਰ ਦਾ ਯੋਗਦਾਨ ਪਾਉਂਦੀ ਹੈ ਅਤੇ 8,300 ਲੋਕਾਂ ਨੂੰ ਸਿੱਧਾ ਰੁਜ਼ਗਾਰ ਪ੍ਰਦਾਨ ਕਰਦੀ ਹੈ। ਅਸੀਂ ਇਹ ਗਿਣਤੀ ਵਧਣ ਦੀ ਤਾਂਘ ਨਾਲ ਉਡੀਕ ਕਰ ਰਹੇ ਹਾਂ, ਜਿਸ ਕਰਕੇ ਹੀ ਬੱਜਟ 2015, ਬੀ.ਸੀ. ਦੇ ਦੁਨੀਆ ਦੇ ਪੱਧਰ ਦੇ ਐਰੋਸਪੇਸ ਸਮੂਹ ਨੂੰ ਹੋਰ ਵਧਾਉਣ ਲਈ ਪੰਜ ਸਾਲ ਦੇ ਸਮੇਂ ਦੌਰਾਨ 5 ਮਿਲੀਅਨ ਡਾਲਰ ਪ੍ਰਦਾਨ ਕਰਦਾ ਹੈ। ਫੰਡਾਂ ਦੀ ਦੂਜੀ ਕਿਸ਼ਤ, ਸ਼ੁਰੂ ਕੀਤੇ ਗਏ ਕੰਮ ਨੂੰ ਜਾਰੀ ਰੱਖੇਗੀ, ਜਿਸ ਦਾ ਨਿਸ਼ਾਨਾ ਮਾਰਕੀਟਾਂ ਵਧਾਉਣਾ ਅਤੇ ਸੂਬੇ ਲਈ ਜ਼ਿਆਦਾ ਗਲੋਬਲ ਬਿਜ਼ਨਸ ਅਤੇ ਇਨਵੈਸਟਮੈਂਟ ਨੂੰ ਆਕਰਸ਼ਿਤ ਕਰਨਾ ਹੈ।

## ਮੰਗ ਵਾਲੀਆਂ ਜੌਬਾਂ ਨੂੰ ਟਰੇਨਿੰਗ ਨਾਲ ਮੇਲਣਾ

ਬੀ.ਸੀ. ਐਕਸੈੱਸ ਗਰਾਂਟ, ਪ੍ਰਤੀ ਵਿਦਿਆਰਥੀ 16,400 ਡਾਲਰ ਤੱਕ।




ਨਵੇਂ ਸੰਦਾਂ ਲਈ 500 ਡਾਲਰ ਸਮੇਤ।



ਜ਼ਿਆਦਾ ਮੰਗ ਵਾਲੀਆਂ ਜੌਬਾਂ ਲਈ ਬੀ.ਸੀ. ਦੇ ਪੋਸਟ ਸੈਕੰਡਰੀ ਸਕੂਲਾਂ ਵਿਚ ਟਰੇਨਿੰਗ ਲਈ 40 ਮਿਲੀਅਨ ਡਾਲਰ ਦਿੱਤੇ ਗਏ।




5.4 ਮਿਲੀਅਨ ਡਾਲਰ ਐਬਰਿਜਨਲ ਲੋਕਾਂ ਦੇ ਹੁਨਰਾਂ ਦੀ ਟਰੇਨਿੰਗ ਲਈ।




# ਜੌਬਾਂ ਦੀ ਪਲੈਨ ਲਈ ਬੀ.ਸੀ. ਦੇ ਹੁਨਰ

ਬੱਜਟ 2015 *ਸਕਿਲਜ਼ ਫਾਰ ਜੌਬਜ਼ ਬਲੂਪ੍ਰਿੰਟ* ਦੀ ਹਿਮਾਇਤ ਕਰਦਾ ਹੈ – ਜੋ ਕਿ ਪੜ੍ਹਾਈ ਅਤੇ ਟਰੇਨਿੰਗ ਨੂੰ ਦੁਬਾਰਾ ਵਿਉਂਤਣ ਲਈ ਸਰਕਾਰ ਦੀ ਪਲੈਨ ਹੈ। ਸਾਲ 2022 ਤੱਕ, ਬੀ.ਸੀ. ਵਿਚ ਇਕ ਮਿਲੀਅਨ ਨਵੀਂਆਂ ਜੌਬਾਂ ਪੈਦਾ ਹੋਣ ਦੇ ਅੰਦਾਜ਼ੇ ਵਿੱਚੋਂ, 43% ਲਈ ਟਰੇਡਜ਼ ਜਾਂ ਟੈਕਨੀਕਲ ਟਰੇਨਿੰਗ ਦੀ ਲੋੜ ਪਵੇਗੀ। *ਬੀ.ਸੀ. 'ਜ਼ ਸਕਿਲਜ਼ ਫਾਰ  ਜੌਬਜ਼ ਬਲੂਪ੍ਰਿੰਟ: ਰੀ-ਇੰਜਨੀਅਰਿੰਗ ਐਜੂਕੇਸ਼ਨ ਐਂਡ ਟਰੇਨਿੰਗ*, ਸਿਖਲਾਈ (ਟਰੇਨਿੰਗ) ਅਤੇ ਪੜ੍ਹਾਈ ਨੂੰ ਮੰਗ ਵਾਲੀਆਂ ਜੌਬਾਂ ਨਾਲ ਮੇਲਣ ਵਿਚ ਮਦਦ ਕਰਦਾ ਹੈ।

ਇਹ ਟਰੇਨਿੰਗ ਨੂੰ ਜ਼ਿਆਦਾ ਮੰਗ ਵਾਲੀਆਂ ਜੌਬਾਂ– ਉਹ ਜੌਬਾਂ ਜਿਨ੍ਹਾਂ ਲਈ ਖਾਸ ਹੁਨਰਾਂ ਦੀ ਲੋੜ ਹੈ ਅਤੇ ਜਿਨ੍ਹਾਂ ਦੀਆਂ ਤਨਖਾਹਾਂ ਚੰਗੀਆਂ ਹਨ – ਨਾਲ ਮੇਲਦਾ ਹੋਇਆ ਸਕੂਲ ਤੋਂ ਕੰਮ ਵਾਲੀ ਥਾਂ ਤੱਕ ਇਕ ਪੱਧਰਾ ਰਾਹ ਪ੍ਰਦਾਨ ਕਰਦਾ ਹੈ। ਪਲੈਨ ਇਨ੍ਹਾਂ 'ਤੇ ਆਧਾਰਿਤ ਹੈ:

» ਬੱਚਿਆਂ ਨੂੰ ਸਕੂਲਾਂ ਵਿਚ ਸਿੱਧੀ ਸਿੱਖਿਆ ਨਾਲ ਅਗਵਾਈ ਵਾਲੀ ਸ਼ੁਰੂਆਤ 'ਤੇ।

» ਮੰਗ ਵਾਲੀਆਂ ਜੌਬਾਂ ਨਾਲ ਬਿਹਤਰ ਮੇਲਣ ਲਈ ਪੜ੍ਹਾਈ ਅਤੇ ਟਰੇਨਿੰਗ ਵਿਚ ਤਬਦੀਲੀ 'ਤੇ।

» ਟਰੇਨਿੰਗ ਅਤੇ ਅਪ੍ਰੈਂਟਿਸਸ਼ਿੱਪ (ਸ਼ਾਗਿਰਦੀ) ਪ੍ਰਦਾਨ ਕਰਨ ਲਈ ਇੰਡਸਟਰੀ ਅਤੇ ਲੇਬਰ ਨਾਲ ਭਾਈਵਾਲੀ ਨੂੰ ਮਜ਼ਬੂਤ ਕਰਨ 'ਤੇ।

## ਟੈਕਸ ਕਰੈਡਿਟ ਵਾਧੇ

» ***ਟਰੇਨਿੰਗ ਟੈਕਸ ਕਰੈਡਿਟ:*** ਟਰੇਨਿੰਗ ਟੈਕਸ ਕਰੈਡਿਟ ਸਾਲ 2017 ਦੇ ਅੰਤ ਤੱਕ ਵਧਾ ਕੇ ਅਸੀਂ ਕੰਮ-ਮਾਲਕਾਂ ਅਤੇ ਸਿਖਾਂਦਰੂਆਂ ਦੀ ਮਦਦ ਕਰ ਰਹੇ ਹਾਂ। ਇਸ ਸਾਲ ਦਾ ਬੱਜਟ ਐਨਹਾਂਸਡ (ਵਧਾਏ ਹੋਏ) ਕਰੈਡਿਟ ਵਿਚ ਵੀ ਵਾਧਾ ਕਰੇਗਾ ਜੋ ਕਿ ਫਸਟ ਨੇਸ਼ਨਜ਼ ਦੇ ਵਿਅਕਤੀਆਂ, ਅਪਾਹਜ ਲੋਕਾਂ ਅਤੇ ਉਨ੍ਹਾਂ ਦੇ ਕੰਮ-ਮਾਲਕਾਂ ਲਈ ਹੋਰ 50% ਪ੍ਰਦਾਨ ਕਰੇਗਾ।

» ***ਡਿਜ਼ੀਟਲ ਐਨੀਮੇਸ਼ਨ ਜਾਂ ਵਿਜ਼ੂਅਲ ਇਫੈਕਟਸ ਟੈਕਸ ਕਰੈਡਿਟ:*** ਬੱਜਟ 2015 ਪ੍ਰੋਡੱਕਸ਼ਨ ਤੋਂ ਬਾਅਦ ਦੀਆਂ ਫਿਲਮ ਸਰਗਰਮੀਆਂ ਨੂੰ ਸ਼ਾਮਲ ਕਰਨ ਲਈ ਡਿਜ਼ੀਟਲ ਐਨੀਮੇਸ਼ਨ ਜਾਂ ਵਿਜ਼ੂਅਲ ਇਫੈਕਟਸ ਟੈਕਸ ਕਰੈਡਿਟ ਨੂੰ ਵਧਾਉਂਦਾ ਹੈ। ਇਹ – ਪਹਿਲਾਂ ਹੀ ਮੌਜੂਦਾ ਵੱਡੇ ਕਰੈਡਿਟਾਂ ਤੋਂ ਇਲਾਵਾ – ਸਾਡੇ ਫਿਲਮ ਸੈਕਟਰ ਨੂੰ ਸਿਹਤਮੰਦ ਰੱਖਣ ਵਿਚ ਮਦਦ ਕਰੇਗਾ।

» ***ਇੰਟਰਐਕਟਿਵ ਡਿਜ਼ੀਟਲ ਮੀਡੀਆ ਟੈਕਸ ਕਰੈਡਿਟ:*** ਵੀਡੀਓ ਗੇਮਾਂ ਅਤੇ ਹੋਰ ਡਿਜ਼ੀਟਲ ਮੀਡੀਆ ਵਸਤਾਂ ਵਿਕਸਤ ਕਰਨ ਦੇ ਖਰਚਿਆਂ ਨੂੰ ਘਟਾਉਣਾ ਜਾਰੀ ਰੱਖਣ ਲਈ ਬੱਜਟ 2015, ਇੰਟਰਐਕਟਿਵ ਡਿਜ਼ੀਟਲ ਮੀਡੀਆ ਟੈਕਸ ਕਰੈਡਿਟ ਨੂੰ ਵੀ 2018 ਤੱਕ ਵਧਾਉਂਦਾ ਹੈ।

» ***ਸਮਾਲ ਬਿਜ਼ਨਸ ਵੈਂਚਰ ਕੈਪੀਟਲ ਟੈਕਸ ਕਰੈਡਿਟ:*** ਸਮਾਲ ਬਿਜ਼ਨਸ ਵੈਂਚਰ ਕੈਪੀਟਲ ਟੈਕਸ ਕਰੈਡਿਟ ਪ੍ਰੋਗਰਾਮ ਵਿਚ ਇਕ ਸਾਲ ਲਈ 3 ਮਿਲੀਅਨ ਦਾ ਵਾਧਾ ਪ੍ਰਦਾਨ ਕਰਦਾ ਹੈ। ਇਹ ਪ੍ਰੋਗਰਾਮ ਸਾਲ 2015 ਵਿਚ ਯੋਗਤਾ ਪੂਰੀ ਕਰਨ ਵਾਲੇ ਕਾਰੋਬਾਰਾਂ ਲਈ ਹੋਰ ਇਕਵਿਟੀ ਫਾਇਨੈਂਸਿੰਗ ਵਿਚ 10 ਮਿਲੀਅਨ ਡਾਲਰ ਤੱਕ ਦੀ ਆਗਿਆ ਦੇਵੇਗਾ।

# ਪੜ੍ਹਾਈ ਵਿਚ ਇਨਵੈਸਟ ਕਰਨਾ

ਸਰਕਾਰੀ ਸਕੂਲਾਂ ਦੀ ਪੜ੍ਹਾਈ ਵਿਚ ਸਾਡੀ ਇਨਵੈਸਟਮੈਂਟ, ਟੀਚਰਾਂ ਅਤੇ ਮਦਦ ਕਰਨ ਵਾਲੇ ਸਟਾਫ ਨਾਲ ਤਾਜ਼ਾ ਹੋਏ ਸਾਂਝੇ ਐਗਰੀਮੈਂਟਾਂ ਲਈ ਫੰਡ ਪ੍ਰਦਾਨ ਕਰੇਗੀ ਜੋ ਕਿ ਜੂਨ 2019 ਤੱਕ ਲਾਗੂ ਰਹਿਣਗੇ, ਜੋ ਕਿ ਲਰਨਿੰਗ ਇਮਪਰੂਵਮੈਂਟ ਫੰਡ ਵਿਚ 33% ਵਾਧੇ ਤੋਂ ਇਲਾਵਾ ਹੈ।









## ਟਰੇਨਿੰਗ ਅਤੇ ਐਜੂਕੇਸ਼ਨ ਸੇਵਿੰਗਜ਼ ਗਰਾਂਟ

ਅਗਸਤ ਤੋਂ ਸ਼ੁਰੂ ਹੋ ਕੇ, ਮਾਪੇ ਟਰੇਨਿੰਗ ਅਤੇ ਐਜੂਕੇਸ਼ਨ ਸੇਵਿੰਗਜ਼ ਗਰਾਂਟ ਲਈ ਹਿੱਸਾ ਲੈਣ ਵਾਲੀਆਂ ਵਿੱਤੀ ਸੰਸਥਾਵਾਂ ਕੋਲ ਅਪਲਾਈ ਕਰ ਸਕਦੇ ਹਨ – ਜੋ ਕਿ 1 ਜਨਵਰੀ, 2007 ਤੋਂ ਪੈਦਾ ਹੋਏ ਬੀ.ਸੀ. ਦੇ ਵਸਨੀਕ ਹਰ ਯੋਗ ਬੱਚੇ ਲਈ 1,200 ਡਾਲਰ ਦੀ ਇਕ ਵਾਰੀ ਮਿਲਣ ਵਾਲੀ ਪੇਮੈਂਟ ਹੈ। ਯੋਗ ਮੰਨ ਲਏ ਜਾਣ ਤੋਂ ਬਾਅਦ, ਛੇ ਸਾਲ ਦੇ ਹੋ ਜਾਣ ’ਤੇ, ਹਰ ਸਾਲ 40,000 ਬੱਚਿਆਂ ਤੱਕ ਨੂੰ ਗਰਾਂਟਾਂ ਮਿਲਣਗੀਆਂ। ਮੁੱਖ ਸ਼ਰਤ ਇਹ ਹੈ ਕਿ ਮਾਪੇ ਜਾਂ ਗਾਰਡੀਅਨ ਬੱਚੇ ਦੀ ਤਰਫੋਂ ਰਜਿਸਟਰਿਡ ਐਜੂਕੇਸ਼ਨ ਸੇਵਿੰਗਜ਼ ਪਲੈਨ ਸਥਾਪਤ ਕਰਨ ਤਾਂ ਜੋ ਉਹ ਉਨ੍ਹਾਂ ਦੇ ਭਵਿੱਖ ਦੀ ਪੜ੍ਹਾਈ ਅਤੇ ਟਰੇਨਿੰਗ ਲਈ ਵਧੀਆ ਸ਼ੁਰੂਆਤ ਕਰ ਸਕਣ।

## ਸਿਹਤ ਵਿਚ ਨਵੀਂਆਂ ਇਨਵੈਸਟਮੈਂਟਾਂ

- ਵੈਨਕੂਵਰ ਵਿਚ ਕੈਂਸਰ ਤੋਂ ਰੋਕਥਾਮ ਲਈ ਦੁਨੀਆ ਪੱਧਰ ਦਾ ਸੈਂਟਰ ਸਥਾਪਤ ਕਰਨ ਲਈ ਕੈਨੇਡੀਅਨ ਕੈਂਸਰ ਸੁਸਾਇਟੀ ਲਈ 12.5 ਮਿਲੀਅਨ ਡਾਲਰ ਤੱਕ। ਇਹ ਸੈਂਟਰ ਖੋਜ ’ਤੇ ਧਿਆਨ ਦੇਵੇਗਾ ਜਿਸ ਨਾਲ ਸਿਹਤ ਨਤੀਜਿਆਂ ਵਿਚ ਸੁਧਾਰ ਹੋਣ ਦੀ ਸੰਭਾਵਨਾ ਹੈ, ਅਤੇ ਇਸ ਨਾਲ ਸਿਹਤ ਸੰਭਾਲ ’ਤੇ ਖਰਚੇ ਘਟਣਗੇ।
- ਬੱਚਿਆਂ ਅਤੇ ਬਾਲਗਾਂ ਲਈ ਹੌਸਪਿਸ ਅਤੇ ਪੈਲੀਏਟਿਵ ਸੇਵਾਵਾਂ ਦੀ ਮਦਦ ਲਈ ਵਾਧੂ ਫੰਡਿੰਗ ਜੋ ਕਿ ਸਾਲ 2020 ਤੱਕ ਬੈੱਡਾਂ ਦੀ ਗਿਣਤੀ ਦੁੱਗਣੀ ਕਰਨ ਅਤੇ ਜ਼ਿੰਦਗੀ ਦੇ ਅੰਤ ਦੀ ਸੰਭਾਲ ਦੀ ਮਦਦ ਦੇ ਸਾਡੇ ਕੰਮ ਦਾ ਹਿੱਸਾ ਹੈ।

# ਸਿਹਤ ਸੰਭਾਲ ਵਿਚ ਇਨਵੈਸਟ ਕਰਨਾ

## ਸਿਹਤ ਬੱਜਟ ਲਈ ਵਾਧੂ ਫੰਡਿੰਗ

ਅਗਲੇ ਤਿੰਨ ਸਾਲਾਂ ਵਿਚ, ਸਿਹਤ ਮਹਿਕਮੇ ਵਲੋਂ ਖਰਚਾ ਤਕਰੀਬਨ 3 ਬਿਲੀਅਨ ਵਧ ਜਾਵੇਗਾ। ਇਨ੍ਹਾਂ ਨੰਬਰਾਂ ਪਿੱਛੇ ਦੋ ਬਹੁਤ ਹਾਂ-ਪੱਖੀ ਕਹਾਣੀਆਂ ਉੱਭਰ ਕੇ ਸਾਹਮਣੇ ਆ ਰਹੀਆਂ ਹਨ:

- ਅਸੀਂ ਸਿਹਤ ਫੰਡਾਂ ਵਿਚ ਵਾਧੇ ਦੀ ਦਰ ਘਟਾ ਕੇ ਸਲਾਨਾ ਔਸਤ 3% ਤੋਂ ਥੱਲੇ ਲੈ ਆਂਦੀ ਹੈ – ਜੋ ਕਿ 2000 ਵਿਆਂ ਦੇ ਅੱਧ ਵਿਚ ਤਕਰੀਬਨ 8% ਤੱਕ ਉੱਚੀ ਸੀ।
- ਬੀ.ਸੀ. ਦੇ ਸਿਹਤ ਨਤੀਜੇ ਲਗਾਤਾਰ ਸਭ ਤੋਂ ਬਿਹਤਰ ਪੱਧਰ ’ਤੇ ਰਹਿ ਰਹੇ ਹਨ, ਜਿਨ੍ਹਾਂ ਵਿਚ ਕੈਨੇਡਾ ਵਿਚ ਸਭ ਤੋਂ ਲੰਬੀ ਉਮਰ ਦੀ ਉਮੀਦ ਅਤੇ ਕੈਂਸਰ ਅਤੇ ਦਿਲ ਦੀ ਬੀਮਾਰੀ ਲਈ ਦੇਸ਼ ਦੀ ਸਭ ਤੋਂ ਘੱਟ ਮੌਤ-ਦਰ ਸ਼ਾਮਲ ਹਨ।




## ਸਿਹਤਮੰਦ ਅਤੇ ਸਰਗਰਮ ਬੱਚੇ

- ਬ੍ਰਿਟਿਸ਼ ਕੋਲੰਬੀਆ ਸਕੂਲ ਫਰੂਟ ਐਂਡ ਵੈਜੀਟੇਬਲ ਨਿਊਟਰੀਸ਼ਨ ਪ੍ਰੋਗਰਾਮ ਲਈ 1 ਮਿਲੀਅਨ ਡਾਲਰ ਹੋਰ ਫੰਡਿੰਗ, ਜੋ ਕਿ ਹਿੱਸਾ ਲੈਣ ਵਾਲੇ ਸਕੂਲਾਂ ਵਿਚ ਤਕਰੀਬਨ ਅੱਧਾ ਮਿਲੀਅਨ ਬੱਚਿਆਂ ਨੂੰ ਦੁੱਧ, ਫਲ ਅਤੇ ਸਬਜ਼ੀਆਂ ਮੁਫਤ ਪ੍ਰਦਾਨ ਕਰਕੇ ਫਾਇਦਾ ਪਹੁੰਚਾਉਂਦਾ ਹੈ ਜਿਸ ਵਿਚ ਫਸਟ ਨੇਸ਼ਨਜ਼ ਬੈਂਡ ਸਕੂਲ ਵੀ ਸ਼ਾਮਲ ਹਨ।
- ਸਾਡੇ ਸਕੂਲਾਂ ਵਿਚ ਪਾਠਕ੍ਰਮ ਤੋਂ ਬਾਹਰ ਦੀਆਂ ਖੇਡਾਂ ਅਤੇ ਆਰਟਸ ਦੇ ਮੌਕਿਆਂ ਦੀ ਕੀਮਤ ਦੀ ਪਛਾਣ ਕਰਦੇ ਹੋਏ ਟੀਚਰਾਂ ਅਤੇ ਟੀਚਿੰਗ ਅਸਿਸਟੈਂਟਾਂ ਲਈ 500 ਡਾਲਰ ਦਾ ਐਜੂਕੇਸ਼ਨ ਕੋਚਿੰਗ ਟੈਕਸ ਕਰੈਡਿਟ।
- ਮਾਪਿਆਂ ’ਤੇ ਥੋੜ੍ਹਾ ਜਿਹਾ ਬੋਝ ਘਟਾਉਣ ਲਈ ਬੱਚਿਆਂ ਦੇ ਫਿਟਨੈੱਸ ਸਾਜ਼-ਸਾਮਾਨ ਲਈ 250 ਡਾਲਰ ਦੇ ਟੈਕਸ ਕਰੈਡਿਟ ਲਈ 3 ਮਿਲੀਅਨ। ਇਹ ਕਰੈਡਿਟ ਬੀ.ਸੀ. ਦੇ ਬੱਚਿਆਂ ਦੇ ਫਿਟਨੈੱਸ ਕਰੈਡਿਟ ਲਈ ਕਲੇਮ ਕੀਤੀ ਜਾਣ ਵਾਲੀ ਵਰਤਮਾਨ ਰਕਮ ਦੇ 50% ’ਤੇ ਤਹਿ ਕੀਤਾ ਜਾਵੇਗਾ, ਤਾਂ ਜੋ ਮਾਪਿਆਂ ਨੂੰ ਸਾਜ਼-ਸਾਮਾਨ ਲਈ ਰਸੀਦਾਂ ਨਾ ਰੱਖਣੀਆਂ ਪੈਣ।

## ਲੋੜਵੰਦ ਲੋਕਾਂ ਦੀ ਮਦਦ ਕਰਨਾ

### ਚਾਇਲਡ ਸੁਪੋਰਟ ਪੇਮੈਂਟਸ ਦੀ ਛੋਟ

1 ਸਤੰਬਰ, 2015 ਤੋਂ, ਚਾਇਲਡ ਸੁਪੋਰਟ ਪੇਮੈਂਟਾਂ ਨੂੰ ਇਨਕਮ ਅਸਿਸਟੈਂਸ ਕੈਲਕੁਲੇਸ਼ਨਾਂ ਤੋਂ ਪੂਰੀ ਤਰ੍ਹਾਂ ਛੋਟ ਹੋਵੇਗੀ। ਇਸ ਦਾ ਮਤਲਬ ਹੈ ਕਿ ਮਾਪੇ ਚਾਇਲਡ ਸੁਪੋਰਟ ਵਿਚ ਮਿਲਣ ਵਾਲਾ ਹਰ ਡਾਲਰ ਰੱਖਣ ਦੇ ਯੋਗ ਹੋਣਗੇ – ਉਸ ਤੋਂ ਉੱਪਰ ਜਿਹੜਾ ਉਹ ਇਨਕਮ ਅਤੇ ਡਿਸਏਬਿਲਟੀ ਅਸਿਸਟੈਂਸ ਵਿਚ ਪ੍ਰਾਪਤ ਕਰਦੇ ਹਨ। ਇਸ ਦਾ ਮਤਲਬ ਹੈ, ਬ੍ਰਿਟਿਸ਼ ਕੋਲੰਬੀਆ ਵਿਚ ਸਭ ਤੋਂ ਜ਼ਿਆਦਾ ਲੋੜ ਵਾਲੇ ਕੁਝ ਬੱਚਿਆਂ ਅਤੇ ਪਰਿਵਾਰਾਂ ਲਈ ਤਿੰਨ ਸਾਲਾਂ ਦੇ ਸਮੇਂ ਦੌਰਾਨ ਹੋਰ 32 ਮਿਲੀਅਨ ਡਾਲਰ। ਇਸ ਵੇਲੇ ਇਨਕਮ ਅਤੇ ਡਿਸਏਬਿਲਟੀ ਅਸਿਸਟੈਂਸ ਲੈ ਰਹੇ ਤਕਰੀਬਨ 3,200 ਪਰਿਵਾਰਾਂ ਵਿਚ 5,400 ਬੱਚਿਆਂ ਨੂੰ ਇਸ ਤਬਦੀਲੀ ਦਾ ਫਾਇਦਾ ਹੋਵੇਗਾ।

### ਕਮਿਉਨਟੀ ਲਿਵਿੰਗ ਬੀ ਸੀ ਅਤੇ ਇਨਕਮ ਅਸਿਸਟੈਂਸ ਲਈ ਫੰਡ

ਇਸ ਬੱਜਟ ਨਾਲ ਅਸੀਂ ਉਨ੍ਹਾਂ ਵਿਅਕਤੀਆਂ ਅਤੇ ਪਰਿਵਰਾਂ ਦੀ ਮਦਦ ਲਈ ਵਾਧੂ ਡਾਲਰ ਪ੍ਰਦਾਨ ਕਰ ਰਹੇ ਹਾਂ ਜਿਨ੍ਹਾਂ ਨੂੰ ਸਭ ਤੋਂ ਜ਼ਿਆਦਾ ਲੋੜ ਹੈ। ਇਸ ਵਿਚ ਅਗਲੇ ਤਿੰਨ ਸਾਲਾਂ ਲਈ ਸ਼ਾਮਲ ਹੈ:

- ਵਿਕਾਸ ਨਾਲ ਸੰਬੰਧਿਤ ਅਪਾਹਜਤਾਵਾਂ ਵਾਲੇ ਲੋਕਾਂ ਦੀ ਮਦਦ ਲਈ ਕਮਿਉਨਟੀ ਲਿਵਿੰਗ ਬੀ ਸੀ ਲਈ ਹੋਰ 106 ਮਿਲੀਅਨ ਡਾਲਰ, ਅਤੇ
- ਇਨਕਮ ਅਸਿਸਟੈਂਸ ਦੇ ਪ੍ਰੋਗਰਾਮਾਂ ਲਈ ਹੋਰ 20 ਮਿਲੀਅਨ ਡਾਲਰ।

### ਬੱਚਿਆਂ ਲਈ ਕੁੱਲ ਸਲਾਨਾ ਬੈਨੇਫਿਟਸ: 6 ਸਾਲ ਤੋਂ ਘੱਟ ਉਮਰ ਦੇ ਦੋ ਬੱਚਿਆਂ ਵਾਲੇ ਜੋੜੇ ਲਈ




* ਇਹ ਰਕਮਾਂ 1 ਜੁਲਾਈ, 2015 ਤੋਂ ਲਾਗੂ ਹੁੰਦੀਆਂ ਹਨ। ਮਹਿੰਗਾਈ ਦੇ ਇੰਡੈਕਸ ਵਿਚ ਵਾਧੇ ਕਾਰਨ ਬੈਨੇਫਿਟਸ 2016 ਤੱਕ ਥੋੜ੍ਹੇ ਜਿਹੇ ਹੋਰ ਵਧਣਗੇ।

** ਫੈਡਰਲ ਯੂਨੀਵਰਸਲ ਚਾਇਲਡ ਕੇਅਰ ਬੈਨੇਫਿਟ, ਟੈਕਸ ਵਿਚ ਭਰਨ ਯੋਗ ਬੈਨੇਫਿਟ ਹੈ ਪਰ ਇੱਥੇ ਦਰਜ ਚਾਇਲਡ ਟੈਕਸ ਬੈਨੇਫਿਟਸ ਦਾ ਫੈਸਲਾ ਕਰਨ ਵੇਲੇ ਇਹ ਪਰਿਵਾਰ ਦੀ ਅਸਲ ਆਮਦਨ ਤੋਂ ਬਾਹਰ ਹੈ। ਬੈਨੇਫਿਟ ਦੀ ਰਕਮ ਮਹਿੰਗਾਈ ਨਾਲ ਨਹੀਂ ਜੁੜੀ ਹੋਈ।

### ਐੱਸ ਪੀ ਸੀ ਏ ਇਨਵੈਸਟਮੈਂਟ

5 ਮਿਲੀਅਨ ਡਾਲਰ ਲੋਅਰ ਮੇਨਲੈਂਡ, ਵੈਨਕੂਵਰ ਆਈਲੈਂਡ, ਕੂਟਨੀ ਅਤੇ ਓਕਨਆਗਨ ਇਲਾਕਿਆਂ ਵਿਚ ਐੱਸ ਪੀ ਸੀ ਏ ਦੇ ਸਥਾਨਾਂ ਦੀ ਬਦਲੀ ਜਾਂ ਰੈਨੋਵੇਸ਼ਨ ਲਈ ਮਦਦ ਕਰਦੇ ਹਨ।

### ਬੀ.ਸੀ. ਅਰਲੀ ਚਾਇਲਡਹੁੱਡ ਟੈਕਸ ਬੈਨੇਫਿਟ

1 ਅਪਰੈਲ, 2015 ਤੋਂ 180,000 ਪਰਿਵਾਰ ਬੀ ਸੀ ਅਰਲੀ ਚਾਇਲਡਹੁੱਡ ਟੈਕਸ ਬੈਨੇਫਿਟ ਲੈਣਾ ਸ਼ੁਰੂ ਕਰਨਗੇ। ਇਹ ਬੱਚੇ ਦੀ ਸੰਭਾਲ ਦੇ ਖਰਚੇ ਨੂੰ ਘਟਾਉਣ ਵਿਚ ਮਦਦ ਕਰਨ ਲਈ ਛੇ ਸਾਲ ਤੋਂ ਘੱਟ ਉਮਰ ਦੇ ਹਰ ਬੱਚੇ ਲਈ ਸਲਾਨਾ 660 ਡਾਲਰ ਤੱਕ ਪ੍ਰਦਾਨ ਕਰਦਾ ਹੈ। ਬੱਚਿਆਂ ਵਾਲੇ ਪਰਿਵਾਰਾਂ ਲਈ ਫੈਡਰਲ ਬੈਨੇਫਿਟਸ ਨਾਲ ਰਲਾ ਕੇ, ਛੇ ਸਾਲ ਤੋਂ ਘੱਟ ਉਮਰ ਦੇ ਦੋ ਬੱਚਿਆਂ ਵਾਲਾ 60,000 ਡਾਲਰ ਕਮਾ ਰਿਹਾ ਜੋੜਾ ਸਲਾਨਾ ਤਕਰੀਬਨ 7,500 ਡਾਲਰ ਦਾ ਬੈਨੇਫਿਟ ਪ੍ਰਾਪਤ ਕਰ ਸਕਦਾ ਹੈ।




## ਬ੍ਰਿਟਿਸ਼ ਕੋਲੰਬੀਅਨਾਂ ਲਈ ਘੱਟ ਟੈਕਸ

ਇਨਕਮ ਟੈਕਸ, ਖਪਤਕਾਰੀ ਟੈਕਸ, ਐੱਮ ਐੱਸ ਪੀ ਪ੍ਰੀਮੀਅਮ ਅਤੇ ਪੇਅਰੋਲ ਟੈਕਸ ਸਮੇਤ ਸਾਰੇ ਟੈਕਸਾਂ ਨੂੰ ਧਿਆਨ ਵਿੱਚ ਰੱਖਦਿਆਂ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ’ਤੇ ਲਗਾਤਾਰਤਾ ਨਾਲ ਕੈਨੇਡਾ ਵਿਚ ਟੈਕਸਾਂ ਦਾ ਸਭ ਤੋਂ ਘੱਟ ਬੋਝ ਹੈ।

## 4 ਜਾਣਿਆਂ ਦਾ ਦੋ-ਆਮਦਨਾਂ ਵਾਲਾ ਪਰਿਵਾਰ $90,000 ਆਮਦਨ









## 4 ਜਾਣਿਆਂ ਦਾ ਦੋ-ਆਮਦਨਾਂ ਵਾਲਾ ਪਰਿਵਾਰ $60,000 ਆਮਦਨ









## ਇਕੱਲਾ ਵਿਅਕਤੀ $80,000 ਆਮਦਨ









## ਬਜ਼ੁਰਗ ਜੋੜਾ ਬਰਾਬਰ ਦੀ ਪੈਨਸ਼ਨ $30,000 ਆਮਦਨ









## ਹੋਰ ਜਾਣਕਾਰੀ ਲਈ

ਬੱਜਟ 2015 ਬਾਰੇ ਵਿਸਥਾਰ:
www.bcbudget.ca

ਵਿੱਤ ਮਹਿਕਮਾ:
www.gov.bc.ca/fin

ਇਹ ਲਿਖਤ ਵਾਤਾਵਰਣ ਲਈ ਦੋਸਤਾਨਾ, ਐਲੀਮੈਂਟਲ ਕਲੋਰੀਨ ਮੁਕਤ ਪੇਪਰ ’ਤੇ ਛਪੀ ਸੀ ਜੋ ਕਿ ਨਵਿਆਉਣਯੋਗ ਐਨਰਜੀ ਦੇ ਵਸੀਲਿਆਂ ਤੋਂ ਬਣਿਆ ਹੈ ਅਤੇ ਇਸ ਵਿਚ ਵਰਤਿਆ ਹੋਇਆ ਰੀਸਾਇਕਲਡ ਫਾਈਬਰ ਹੈ। ਇਸ ਲਿਖਤ ਦੀ ਛਪਾਈ ਵਿਚ ਵਾਤਾਵਰਣ ਦੀ ਸੰਭਾਲ ਦੇ ਬਿਹਤਰ ਅਮਲ ਸ਼ਾਮਲ ਹਨ। ਕਿਰਪਾ ਕਰਕੇ ਗਾਰਬੇਜ ਘਟਾਉ, ਦੁਬਾਰਾ ਵਰਤੋ ਅਤੇ ਰੀਸਾਇਕਲ ਕਰੋ।